
# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 10 ਫਰਵਰੀ 2025 ਦਿਨ ਸੋਮਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪੰਜਾਬੀ ਲੈਂਗੁਏਜ ਐਜੁਕੇਸ਼ਨ ਐਸੋਸੀਏਸ਼ਨ ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਸਮਾਗਮ 23 ਫਰਵਰੀ ਨੂੰ

### ਖ਼ੂਨਦਾਨ ਕੈਂਪ ਵਿੱਚ 40 ਯੂਨਿਟ ਖ਼ੂਨਦਾਨ ਇਕੱਤਰ ਹੋਇਆ – ਗੁਰਜੀਤ ਹੈਰੀ ਢਿੱਲੋਂ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ




ਸਰੀ, 10 ਫਰਵਰੀ : ਪੰਜਾਬੀ ਲੈਂਗੁਏਜ ਐਜੁਕੇਸ਼ਨ ਐਸੋਸੀਏਸ਼ਨ (ਪਲੀਅ) ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ 23 ਫਰਵਰੀ (ਐਤਵਾਰ) ਨੂੰ ਤਾਜ ਪਾਰਕ ਕਨਵੈਨਸ਼ਨ ਸੈਂਟਰ (8580-132 ਸਟਰੀਟ) ਸਰੀ ਵਿਖੇ ਇਕ ਵਜੇ ਤੋਂ ਤਿੰਨ ਵਜੇ ਤੱਕ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਪਲੀਅ ਦੇ ਪ੍ਰਧਾਨ ਬਲਵੰਤ ਸਿੰਘ ਸੰਘੇੜਾ ਨੇ ਦੱਸਿਆ ਹੈ ਕਿ ਦੀਪਕ ਬਿਨਿੰਗ ਫਾਊਂਡੇਸ਼ਨ ਅਤੇ ਤਾਜ ਪਾਰਕ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਸਮਾਗਮ ਵਿਚ ਸਰੀ ਨਿਊਟਨ ਤੋਂ ਐਮ. ਐਲ. ਏ. ਅਤੇ ਐਂਟੀ ਰੇਸਿਜ਼ਮ ਅਤੇ ਡਿਪਟੀ ਪ੍ਰੀਮੀਅਰ ਅਤੇ ਅਟੌਰਨੀ ਜਨਰਲ ਨਿੱਕੀ ਸ਼ਰਮਾਂ ਦੇ ਪਾਰਲੀਮੈਂਟਰੀ ਸਕੱਤਰ ਜੈਸੀ ਸੁੰਨੜ ਮੁੱਖ ਬੁਲਾਰੇ ਹੋਣਗੇ।

ਸਮਾਗਮ ਵਿਚ ਸਰੀ ਸਕੂਲ ਬੋਰਡ ਦੇ ਮੈਂਬਰ ਗੈਰੀ ਥਿੰਦ, ਐਬਸਫੋਰਡ ਸਕੂਲ ਬੋਰਡ ਦੇ ਵਾਈਸ ਚੇਅਰ ਪ੍ਰੀਤ ਰਾਏ ਅਤੇ ਡੈਲਟਾ ਸਕੂਲ ਬੋਰਡ ਦੇ ਮੈਂਬਰ ਨਿੰਮੀ ਡੌਲਾ ਆਪੋ ਆਪਣੇ ਸਕੂਲ ਜ਼ਿਲਿਆਂ ਵਿਚ ਪੰਜਾਬੀ ਬਾਰੇ ਹੋ ਰਹੇ ਉਪਰਾਲਿਆਂ ਦੀ ਜਾਣਕਾਰੀ ਸਾਂਝੀ ਕਰਨਗੇ। ਸਥਾਨਿਕ ਸਕੂਲਾਂ, ਕਾਲਜਾਂ ਅਤੇ ਯੂਨੀਵਰਸਟੀਆਂ ਦੇ ਵਿਦਿਆਰਥੀ ਮਾਂ ਬੋਲੀ ਪੰਜਾਬੀ ਸੰਬੰਧੀ ਆਪਣੇ ਵਿਚਾਰ, ਕਵਿਤਾਵਾਂ, ਗੀਤ ਪੇਸ਼ ਕਰਨਗੇ। ਗਾਇਕ ਸੁੱਖੀ ਲਾਲੀ ਅਤੇ ਬਿੰਦਰ ਰੋਡੇ ਆਪਣੇ ਗੀਤਾਂ ਨਾਲ ਸਰੋਤਿਆਂ ਦਾ ਮਨੋਰੰਜਨ ਕਰਨਗੇ। ਸਕੂਲ ਵਿਦਿਆਰਥੀਆਂ ਵੱਲੋਂ ਪੰਜਾਬੀ ਸਿੱਖਣ ਲਈ ਪ੍ਰੇਰਨਾ ਦੇਣ ਵਾਲੀ ਛੋਟੀ ਵੀਡੀਓ ਵੀ ਦਿਖਾਈ ਜਾਵੇਗੀ।

ਸਮਾਗਮ ਵਿਚ ਸ਼ਾਮਲ ਹੋਣ ਲਈ ਕੋਈ ਐਂਟਰੀ ਫੀਸ ਨਹੀਂ। ਪਲੀਅ ਵੱਲੋਂ ਸਮੂਹ ਪੰਜਾਬੀਆਂ ਨੂੰ ਇਸ ਸਮਾਗਮ ਵਿਚ ਸ਼ਾਮਲ ਹੋਣ ਅਤੇ ਮਾਂ ਬੋਲੀ ਪੰਜਾਬੀ ਦਾ ਮਾਣ ਵਧਾਉਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ। ਹੋਰ ਜਾਣਕਾਰੀ ਲਈ ਬਲਵੰਤ ਸਿੰਘ ਸੰਘੇੜਾ ਨਾਲ ਫੋਨ ਨੰਬਰ 604-836-8976 ਅਤੇ ਸਾਧੂ ਬਿਨਿੰਗ ਨਾਲ 778-773-1886 ਉਪਰ ਸੰਪਰਕ ਕੀਤਾ ਜਾ ਸਕਦਾ ਹੈ।

## 44 ਨੈਸ਼ਨਲ ਮਾਸਟਰ ਐਥਲੈਟਿਕ ਚੈਂਪੀਅਨਸ਼ਿਪ ਵਿਚ ਜਿੱਤਿਆ ਗੋਲਡ ਮੈਡਲ

ਵਰਲਡ ਪੰਜਾਬੀ ਟਾਈਮਜ਼




ਰਾਜਸਥਾਨ 10 ਫਰਵਰੀ : ਰਾਜਸਥਾਨ ਦੇ ਅਲਵਰ ਸ਼ਹਿਰ ਵਿੱਚ ਹੋਈ 44 ਨੈਸ਼ਨਲ ਮਾਸਟਰ ਐਥਲੈਟਿਕ ਚੈਂਪੀਅਨਸ਼ਿਪ 44 ਨੈਸ਼ਨਲ ਮਾਸਟਰ ਐਥਲੈਟਿਕ ਚੈਂਪੀਅਨਸ਼ਿਪ ਵਿਚ ਜਿੱਤਿਆ ਗੋਲਡ ਮੈਡਲ ਰਾਜਸਥਾਨ ਦੇ ਅਲਵਰ ਸ਼ਹਿਰ ਵਿੱਚ ਹੋਈ 44 ਨੈਸ਼ਨਲ ਮਾਸਟਰ ਐਥਲੈਟਿਕ ਚੈਂਪੀਅਨਸ਼ਿਪ ਅਤੇ 20 ਵੀ ਯੁਵਰਾਣੀ ਐਥਲੈਟਿਕਸ ਓਪਨ ਚੈਂਪੀਅਨਸ਼ਿਪ ਵਿਚ ਪੰਜਾਬ ਵੱਲੋਂ 50+ ਉਮਰ ਗੁੱਟ ਵਿੱਚ ਖੇਡਦਿਆਂ 5000 ਮੀਟਰ ਵਾਕ ਰੇਸ ਵਿੱਚ ਵੱਖ -2 ਰਾਜਾਂ ਖਿਡਾਰੀਆਂ ਨੂੰ ਪਛਾੜਦਿਆ ਮਾਸਟਰ ਮਹਿੰਦਰ ਪ੍ਰਤਾਪ (ਐਮ. ਪੀ.) ਨੇ ਜਿੱਤਿਆ ਗੋਲਡ ਮੈਡਲ ।ਨਗਰ ਸ਼ੇਰਪੁਰ ਦੇ ਜੰਮਪਲ ਅਤੇ ਸਰਕਾਰੀ ਹਾਈ ਸਕੂਲ ਈਨਾ ਵਿਖੇ ਬਤੌਰ ਸਕੂਲ ਮੁਖੀ ਦੀ ਸੇਵਾ ਨਿਭਾ ਰਹੇ ਮਾਸਟਰ ਮਹਿੰਦਰ ਪ੍ਰਤਾਪ(ਐਮ.ਪੀ.) ਨੇ ਨੈਸ਼ਨਲ ਮੁਕਾਬਲੇ ਵਿੱਚ ਖੇਡਦਿਆਂ ਹੁਣ ਤੱਕ ਦਾ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਕਰਦੇ ਹੋਏ 5000 ਮੀਟਰ ਵਾਕ ਰੇਸ ਵਿਚੋਂ ਪਹਿਲਾ ਸਥਾਨ ਹਾਸਿਲ ਕਰਕੇ ਗੋਲਡ ਮੈਡਲ ਜਿੱਤ ਕੇ ਪੰਜਾਬ ਨਾਮ ਰਾਸ਼ਟਰੀ ਪੱਧਰ ਤੇ ਰੌਸ਼ਨ ਕੀਤਾ। ਪੀ. ਐਮ . ਸ੍ਰੀ ਸਰਕਾਰੀ ਹਾਈ ਸਕੂਲ ਈਨਾ ਬਾਜਵਾ ਬਲਾਕ ਸ਼ੇਰਪੁਰ (ਸੰਗਰੂਰ) ਦੇ ਮੁਖੀ ਦਾ ਸਕੂਲ ਪਹੁੰਚਣ ਤੇ ਸਮੂਹ ਸਟਾਫ਼ ਅਤੇ ਬੱਚਿਆਂ ਨੇ ਉਹਨਾਂ ਦਾ ਸ਼ਾਨਦਾਰ ਸਵਾਗਤ ਕੀਤਾ।

## ਪੰਜਾਬੀ ਸਾਹਿਤ ਅਕਾਡਮੀ ਵੱਲੋਂ ਮਾਤ ਭਾਸ਼ਾ ਮੇਲਾ 21 ਨੂੰ–

### ਕਨਵੀਨਰ ਡਾ.ਗੁਰਚਰਨ ਕੌਰ ਕੋਚਰ ਅਤੇ ਤ੍ਰੈਲੋਚਨ ਲੋਚੀ

ਵਰਲਡ ਪੰਜਾਬੀ ਟਾਈਮਜ਼
ਅੰਜੂ ਅਮਨਦੀਪ ਗਰੋਵਰ


ਡਾ.ਗੁਰਚਰਨ ਕੌਰ ਕੋਚਰ


ਤ੍ਰੈਲੋਚਨ ਲੋਚੀ

ਲੁਧਿਆਣਾ 10 ਫਰਵਰੀ : ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ 21 ਫਰਵਰੀ ਦਿਨ ਸ਼ੁੱਕਰਵਾਰ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਪੰਜਾਬੀ ਮਾਤ ਭਾਸ਼ਾ ਦਿਵਸ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਅਕਾਡਮੀ ਦੇ ਮੀਤ ਪ੍ਰਧਾਨ ਤੇ ਪ੍ਰੋਗਰਾਮ ਦੇ ਕਨਵੀਨਰ ਡਾ.ਗੁਰਚਰਨ ਕੌਰ ਕੋਚਰ ਅਤੇ ਕਨਵੀਨਰ ਤ੍ਰੈਲੋਚਨ ਲੋਚੀ ਨੇ ਸਾਂਝੇ ਤੌਰ 'ਤੇ ਦਿੱਤੀ । ਉਹਨਾਂ ਦੱਸਿਆ ਕਿ ਇਸ ਮੇਲੇ ਦੌਰਾਨ ਸਾਹਿਤ ਤੇ ਸੱਭਿਆਚਾਰ ਦੀਆਂ ਵੱਖ-ਵੱਖ ਵੰਨਗੀਆਂ ਤਹਿਤ ਕਾਲਜਾਂ ਦੇ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਕਾਲਜਾਂ ਨੂੰ ਇਸ ਸਬੰਧੀ ਸੱਦੇ ਪੱਤਰ ਭੇਜ ਦਿੱਤੇ ਗਏ ਹਨ। ਇਸ ਸਮਾਗਮ ਵਿੱਚ ਪੰਜਾਬੀ ਕਹਾਣੀ ਅਤੇ ਕਾਵਿ ਸਿਰਜਣਾ ਮੁਕਾਬਲੇ (ਮੌਕੇ 'ਤੇ ਦਿੱਤੇ ਗਏ ਵਿਸ਼ੇ ਉੱਤੇ),ਲੋਕ ਗੀਤ ਮੁਕਾਬਲਾ, ਸਭਿਆਚਾਰਕ ਪ੍ਰਸ਼ਨੋਤਰੀ (ਕੁਇਜ਼), ਪੰਜਾਬੀ ਕਾਵਿ -ਪੋਸਟਰ ਮੁਕਾਬਲਾ, ਪੰਜਾਬੀ ਕਾਵਿ-ਉਚਾਰਣ ਮੁਕਾਬਲਾ, ਅਖਾਣ ਤੇ ਮੁਹਾਵਰੇ ਭਰਪੂਰ ਵਾਰਤਾਲਾਪ(ਸਮਾਜਿਕ ਕੁਰੀਤੀਆਂ ਬਾਰੇ) ਮੁਕਾਬਲਾ ਅਤੇ ਕੈਲੀਗ੍ਰਾਫ਼ੀ ਮੁਕਾਬਲੇ ਸਮੇਤ ਅੱਠ ਮੁਕਾਬਲੇ ਕਰਵਾਏ ਜਾਣਗੇ।ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ.ਪਾਲ ਕੌਰ, ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਹੋਰ ਅਹੁਦੇਦਾਰ, ਪ੍ਰਬੰਧਕੀ ਬੋਰਡ ਅਤੇ ਦਫ਼ਤਰ ਇੰਚਾਰਜ ਸੁਰਿੰਦਰਦੀਪ ਵੱਲੋ ਸਾਰਿਆਂ ਨੂੰ ਇਸ ਮੇਲੇ ਵਿੱਚ ਸ਼ਾਮਲ ਹੋਣ ਲਈ ਨਿੱਘਾ ਸੱਦਾ ਦਿੱਤਾ ਗਿਆ ਹੈ।

## ਫ਼ਰਵਰੀ

ਵਰਲਡ ਪੰਜਾਬੀ ਟਾਈਮਜ਼
ਮੂਲ ਲੇਖਕ - ਵਿਨੋਦ ਵਿੱਠਲ
ਅਨੁਵਾਦ - ਪ੍ਰੋ. ਨਵ ਸੰਗੀਤ ਸਿੰਘ

ਸੁੰਦਰ ਸੁਪਨੇ ਜਿੰਨਾ ਛੋਟਾ ਹੁੰਦਾ ਹੈ
ਘੱਟ ਰੁਕਦਾ ਹੈ ਕੈਲੰਡਰ ਜਿਸਦੇ ਬਨੇਰੇ ਤੇ
ਜਿਵੇਂ ਸਾਮਰਾਊ ਸਟੇਸ਼ਨ ਤੇ ਦਿੱਲੀ-ਜੈਸਲਮੇਰ ਇੰਟਰਸਿਟੀ।

ਫ਼ਰਵਰੀ ਤੋਂ ਸ਼ੁਰੂ ਹੋ ਜਾਂਦੀ ਸੀ ਰੰਗਬਾਜ਼ੀ
ਹੋਲੀ ਭਾਵੇਂ ਕਿੰਨੀ ਵੀ ਦੂਰ ਹੋਵੇ।
ਸੀਬੀਐੱਸਈ ਨੇ ਸਭ ਤੋਂ ਪਹਿਲਾਂ ਸਕੂਲ ਤੋਂ ਰੰਗਾਂ ਨੂੰ ਬੇਦਖ਼ਲ ਕੀਤਾ ਹੈ।

ਇਸੇ ਮਹੀਨੇ ਤੋਂ ਸ਼ੁਰੂ ਹੁੰਦੀ ਸੀ ਸ਼ੀਤਲਾ ਸਪਤਮੀ ਦੀ ਉਡੀਕ
ਕਾਗ਼ਾ ਵਿੱਚ ਭਰਨ ਵਾਲੇ ਮੇਲੇ ਅਤੇ ਆਉਣ ਵਾਲੇ ਮਹਿਮਾਨਾਂ ਦੀ
ਅਮੇਜ਼ੋਨ ਦੇ ਮੇਲਿਆਂ ਵਿੱਚ ਉਹ ਗੱਲਾਂ ਕਿੱਥੇ?
ਪਰ ਕਾਲਜ ਦੇ ਦਿਨਾਂ ਵਿੱਚ ਬਹੁਤ ਉਦਾਸ ਕਰਦੀ ਸੀ ਫ਼ਰਵਰੀ
ਦਿਨ-ਭਰ ਦੀ ਸਕਰੀਨ ਤੋਂ ਗ਼ਾਇਬ ਹੋ ਜਾਂਦੀਆਂ ਸਨ ਸੀਮਾ ਸੁਰਾਣਾ ਦੀਆਂ ਅੱਖਾਂ
ਪੂਰਾ ਕੈਂਪਸ ਪੀਲੇ ਪੱਤਿਆਂ ਨਾਲ ਭਰ ਜਾਂਦਾ ਸੀ।

ਘਾਟੂ ਦੇ ਉਦਾਸ ਪੱਥਰਾਂ ਨਾਲ ਬਣੀ ਲਾਇਬ੍ਰੇਰੀ
ਬਹੁਤ ਠੰਡੀ, ਬਹੁਤ ਉਦਾਸ ਅਤੇ ਬਹੁਤ ਡਰਾਉਣੀ ਲੱਗਦੀ
ਜਿਵੇਂ ਨੇੜੇ ਦੀ ਹਾਸੇ ਵਾਲੀ ਮਾਸੀ ਅਚਾਨਕ ਹੋ ਜਾਂਦੀ ਹੈ ਵਿਧਵਾ।
ਨੌਕਰੀ ਦੇ ਦਿਨਾਂ ਵਿੱਚ ਇਹ ਮਹੀਨਾ
ਮਾਰਚ ਦਾ ਪਾਏਦਾਰ ਹੁੰਦਾ ਹੈ : ਬਜਟ, ਪੈਸਾ ਅਤੇ ਖਰਚ-ਬਚਿਆ ਪੈਸਾ।
ਇੱਛਾ ਤਾਂ ਇਹ ਹੁੰਦੀ ਹੈ
ਹੈੱਡਫੋਨ ਤੇ ਕਵਿਤਾ ਸ਼ਰਮਾ ਦੀ ਆਵਾਜ਼ ਵਿੱਚ
ਬਾਬੁਸ਼ਾ ਕੋਹਲੀ ਦੀਆਂ ਪ੍ਰੇਮ ਕਵਿਤਾਵਾਂ ਸੁਣਦੇ-ਸੁਣਦੇ
ਟਾਵਰੀ ਦੇ ਫ਼ਾਰੈਸਟ ਗੈੱਸਟ ਹਾਊਸ ਵਾਲੀ ਰੋਡ ਤੇ ਨਿਕਲ ਜਾਵਾਂ
ਪਰ ਉਹ ਰੋਡ ਵੀ ਤਾਂ ਫ਼ਰਵਰੀ ਵਾਂਗ ਛੋਟੀ ਹੈ।
ਕਈ ਵਾਰੀ ਇਹ ਮੈਨੂੰ ਸੁਖ ਦਾ ਹਮਸ਼ਕਲ ਲੱਗਦਾ ਹੈ
ਵੇਖੋ, ਪਹਿਚਾਣੋ, ਗ਼ਾਇਬ।
***

## ਬਲਵਿੰਦਰ ਸਿੰਘ ਚੱਠਾ ਸਾਈਂ ਮੀਆਂ ਮੀਰ ਇੰਟਰਨੈਸ਼ਨਲ ਫਾਊਂਡੇਸ਼ਨ, ਨੌਰਥ ਅਮਰੀਕਾ ਦੇ ਪ੍ਰਧਾਨ ਬਣੇ

### ਪ੍ਰਭਜੋਤ ਸਿੰਘ ਰਠੌਰ ਜਨਰਲ ਸਕੱਤਰ ਬਣੇ

ਵਰਲਡ ਪੰਜਾਬੀ ਟਾਈਮਜ਼
ਹਰਦੇਵ ਚੌਹਾਨ



ਚੰਡੀਗੜ੍ਹ, 10 ਫਰਵਰੀ : ਅੰਤਰਰਾਸ਼ਟਰੀ ਕਾਰੋਬਾਰੀ ਅਤੇ ਸਾਹਿਤ ਪ੍ਰੇਮੀ ਸਰਦਾਰ ਬਲਵਿੰਦਰ ਸਿੰਘ ਚੱਠਾ ਨੂੰ ਸਾਈਂ ਮੀਆਂ ਮੀਰ ਇੰਟਰਨੈਸ਼ਨਲ ਫਾਊਂਡੇਸ਼ਨ, ਨੌਰਥ ਅਮਰੀਕਾ ਦਾ ਪ੍ਰਧਾਨ ਥਾਪਿਆ ਗਿਆ ਤੇ ਪ੍ਰਭਜੋਤ ਸਿੰਘ ਰਠੌਰ ਨੂੰ ਜਨਰਲ ਸਕੱਤਰ ਬਣਾਇਆ ਗਿਆ। ਇਹ ਅਹੁਦੇਦਾਰੀਆਂ ਦੋ, ਦੋ ਸਾਲ ਲਈ ਹੋਣਗੀਆਂ। ਸਰਦਾਰ ਅਜੈਬ ਸਿੰਘ ਚੱਠਾ ਨੇ ਇੱਥੇ ਦੱਸਿਆ ਕਿ ਪ੍ਰਧਾਨ ਸ. ਹਰਭਜਨ ਸਿੰਘ ਬਰਾੜ ਅਤੇ ਬਾਕੀ ਹੋਰ ਮੈਂਬਰਾਂ ਦੀ ਹਾਜ਼ਰੀ ਵਿੱਚ ਇਹ ਦੋਵੇਂ ਨਿਯੁਕਤੀਆਂ ਕੀਤੀਆਂ ਗਈਆਂ ਤੇ ਨਿਯੁਕਤੀ ਪੱਤਰ ਵੰਡੇ ਗਏ। ਉਹਨਾਂ ਆਸ ਪ੍ਰਗਟਾਈ ਕਿ ਨਵੇਂ ਅਹੁਦੇਦਾਰਾਂ ਦੀ ਦੇਖ ਰੇਖ ਵਿੱਚ ਹੁਣ ਸਰਬੱਤ ਦੇ ਭਲੇ ਲਈ ਅੰਤਰਰਾਸ਼ਟਰੀ ਪੱਧਰ ਉੱਤੇ ਮਹੱਤਵਪੂਰਨ ਕਾਰਜ ਕੀਤੇ ਜਾਣਗੇ।

## ਕੈਨੇਡਾ ਦੇ ਪਹਿਲੇ ਦਸਤਾਰਧਾਰੀ ਸਿੱਖ ਪੁਲਿਸ ਅਧਿਕਾਰੀ ਬਲਤੇਜ ਸਿੰਘ ਢਿੱਲੋਂ ਸੈਨੇਟਰ ਨਿਯੁਕਤ

### ਮੈਂ ਸਾਰੇ ਕੈਨੇਡੀਅਨਾਂ ਦੇ ਹਿੱਤਾਂ ਅਤੇ ਆਵਾਜ਼ ਦੀ ਨੁਮਾਇੰਦਗੀ ਕਰਾਂਗਾ- ਬਲਤੇਜ ਸਿੰਘ ਢਿੱਲੋਂ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਸਰੀ, 10 ਫਰਵਰੀ : ਰਾਇਲ ਕੈਨੇਡੀਅਨ ਮਾਊਂਟੇਡ ਪੁਲਿਸ (R C M P ) ਵਿੱਚ ਸੇਵਾ ਨਿਭਾਉਣ ਵਾਲੇ ਪਹਿਲੇ ਦਸਤਾਰਧਾਰੀ ਸਿੱਖ ਅਧਿਕਾਰੀ ਬਲਤੇਜ ਸਿੰਘ ਢਿੱਲੋਂ ਨੂੰ ਗਵਰਨਰ ਜਨਰਲ ਮੈਰੀ ਸਾਈਮਨ ਵੱਲੋਂ ਬ੍ਰਿਟਿਸ਼ ਕੋਲੰਬੀਆ ਲਈ ਇੱਕ ਸੁਤੰਤਰ ਸੈਨੇਟਰ ਵਜੋਂ ਸੈਨੇਟ ਵਿੱਚ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਇਸ ਨਿਯੁਕਤੀ ਦਾ ਐਲਾਨ ਬੀਤੇ ਦਿਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੀਤਾ ਗਿਆ। ਉਨ੍ਹਾਂ ਦੇ ਨਾਲ ਕਿਊਬਿਕ ਲਈ ਮਾਰਟੀਨ ਹੇਬਰਟ ਅਤੇ ਸਸਕੈਚਵਨ ਲਈ ਟੌਡ ਲੇਵਿਸ ਨੂੰ ਵੀ ਸੈਨੇਟਰ ਨਿਯੁਕਤ ਕੀਤਾ ਗਿਆ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸ. ਢਿੱਲੋਂ, ਸ੍ਰੀਮਤੀ ਹੇਬਰਟ ਅਤੇ ਸ੍ਰੀ ਲੁਈਸ ਨੂੰ ਸੰਸਦ ਦੇ ਨਵੇਂ ਸੁਤੰਤਰ ਸੈਨੇਟਰ ਵਜੋਂ ਨਿਯੁਕਤੀ 'ਤੇ ਵਧਾਈ ਦਿੰਦਿਆਂ ਕਿਹਾ ਹੈ "ਉਨ੍ਹਾਂ ਦੇ ਵਿਸ਼ਾਲ ਤਜ਼ਰਬੇ ਦਾ ਸੈਨੇਟ ਲਈ ਬਹੁਤ ਵੱਡਾ ਲਾਭ ਹੋਵੇਗਾ ਅਤੇ ਮੈਨੂੰ ਵਿਸ਼ਵਾਸ ਹੈ ਕਿ ਉਹ ਆਪਣੇ ਭਾਈਚਾਰਿਆਂ ਲਈ ਮਜ਼ਬੂਤ ਆਵਾਜ਼ ਬਣਦੇ ਰਹਿਣਗੇ।"

ਜ਼ਿਕਰਯੋਗ ਹੈ ਕਿ ਬਲਤੇਜ ਸਿੰਘ ਢਿੱਲੋਂ ਇੱਕ ਸੇਵਾ ਮੁਕਤ ਕੈਰੀਅਰ ਪੁਲਿਸ ਅਧਿਕਾਰੀ, ਇੱਕ ਕਮਿਊਨਿਟੀ ਲੀਡਰ ਅਤੇ ਵਿਭਿੰਨਤਾ ਅਤੇ ਸਮਾਵੇਸ਼ ਲਈ ਜੀਵਨ ਭਰ ਵਕੀਲ ਸਨ। 1991 ਵਿੱਚ ਉਸ ਨੇ ਦਸਤਾਰ ਪਹਿਨਣ ਵਾਲੇ ਪਹਿਲੇ RCMP ਅਧਿਕਾਰੀ ਵਜੋਂ "ਇਤਿਹਾਸ ਰਚਿਆ"। ਉਸ ਨੇ RCMP ਨਾਲ 30 ਸਾਲਾਂ ਦਾ ਸਫਲ ਕਰੀਅਰ ਬਣਾਇਆ, ਕਈ ਉੱਚ-ਪ੍ਰੋਫ਼ਾਈਲ ਜਾਂਚਾਂ ਵਿੱਚ ਮੁੱਖ ਭੂਮਿਕਾ ਨਿਭਾਈ। 2019 ਤੋਂ ਉਸ ਨੇ ਬ੍ਰਿਟਿਸ਼ ਕੋਲੰਬੀਆ ਦੀ ਗੈਂਗ-ਵਿਰੋਧੀ ਏਜੰਸੀ ਨਾਲ ਕੰਮ ਕੀਤਾ ਹੈ ਅਤੇ ਇੱਕ ਆਗੂ ਵਜੋਂ ਆਪਣੇ ਭਾਈਚਾਰੇ ਵਿੱਚ ਸਰਗਰਮ ਰਿਹਾ ਹੈ।

ਉਨ੍ਹਾਂ ਨੇ ਪਿਛਲੇ ਸਾਲ ਸੱਤਾਧਾਰੀ ਬੀਸੀ ਨਿਊ ਡੈਮੋਕ੍ਰੇਟਿਕ ਪਾਰਟੀ (NDP) ਦੇ ਉਮੀਦਵਾਰ ਵਜੋਂ ਬ੍ਰਿਟਿਸ਼ ਕੋਲੰਬੀਆ ਵਿੱਚ ਸੂਬਾਈ ਚੋਣ ਲੜੀ ਸੀ ਪਰ ਹਾਰ ਗਏ ਸਨ। ਆਪਣੇ ਲੰਬੇ ਕਰੀਅਰ ਦੌਰਾਨ ਸ. ਢਿੱਲੋਂ ਨੇ ਬ੍ਰਿਟਿਸ਼ ਕੋਲੰਬੀਆ ਵਿੱਚ ਸੇਵਾ ਨਿਭਾਈ ਅਤੇ 1985 ਵਿੱਚ ਖਾਲਿਸਤਾਨ ਪੱਖੀ ਅੱਤਵਾਦੀਆਂ ਦੁਆਰਾ ਏਅਰ ਇੰਡੀਆ ਦੀ ਉਡਾਣ 182, ਕਨਿਸ਼ਕ 'ਤੇ ਬੰਬ ਧਮਾਕੇ ਸਮੇਤ ਮਹੱਤਵਪੂਰਨ ਜਾਂਚਾਂ ਵਿੱਚ ਅਹਿਮ ਭੂਮਿਕਾ ਨਿਭਾਈ ਸੀ।

ਫੇਸਬੁੱਕ 'ਤੇ ਇੱਕ ਬਿਆਨ ਵਿੱਚ ਸ. ਢਿੱਲੋਂ ਨੇ ਕਿਹਾ, "ਸੈਨੇਟਰ ਵਜੋਂ ਨਿਯੁਕਤ ਹੋਣ 'ਤੇ ਮੈਨੂੰ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਇਹ ਸ਼ਾਨਦਾਰ ਸਨਮਾਨ ਲਈ ਮੈਂ ਬੇਹੱਦ ਸ਼ੁਕਰਗੁਜ਼ਾਰ ਹਾਂ ਅਤੇ ਵੱਕਾਰੀ ਭੂਮਿਕਾ ਵਿਚ ਆਪਣੇ ਦੇਸ਼ ਦੀ ਸੇਵਾ ਕਰਨ ਲਈ ਪ੍ਰਦਾਨ ਕੀਤੇ ਇਸ ਮੌਕੇ ਲਈ ਬਹੁਤ ਧੰਨਵਾਦੀ ਹਾਂ"। "ਇੱਕ ਸੈਨੇਟਰ ਹੋਣ ਦੇ ਨਾਤੇ, ਮੈਂ ਸਾਰੇ ਕੈਨੇਡੀਅਨਾਂ ਦੇ ਹਿੱਤਾਂ ਅਤੇ ਆਵਾਜ਼ ਦੀ ਨੁਮਾਇੰਦਗੀ ਕਰਨ ਲਈ ਸਮਰਪਿਤ ਹਾਂ। ਇਕੱਠੇ ਮਿਲ ਕੇ ਅਸੀਂ ਇੱਕ ਹੋਰ ਸਮਾਵੇਸ਼ੀ, ਖੁਸ਼ਹਾਲ ਅਤੇ ਬਰਾਬਰੀ ਵਾਲਾ ਰਾਸ਼ਟਰ ਬਣਾਉਣ ਦੀ ਕੋਸ਼ਿਸ਼ ਕਰਾਂਗੇ। ਇਨ੍ਹਾਂ ਅਨਿਸ਼ਚਿਤ ਸਮਿਆਂ ਵਿੱਚ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਇੱਕ ਰਾਸ਼ਟਰ ਵਜੋਂ ਇੱਕਜੁੱਟ ਹੋਈਏ"।

## ਬੇਫਿਕਰੀ ਦੀ ਜੂਨ ਹੰਢਾਵਾਂ ਮੈਂ।


ਮੈਨੂੰ ਕੁੱਖ ਅੰਦਰ ਹੀ ਰੱਖ ਲੈ ਮਾਂ, ਡਰ ਲੱਗਦਾ ਵੈਰੀ ਦੁਨੀਆਂ ਤੋਂ।
ਤੇਰੇ ਅੰਦਰ ਵਾਸਾ ਰਹਿ ਲੈਣ ਦੇ, ਕੀ ਲੈਣਾ ਭੈੜੀ ਦੁਨੀਆਂ ਤੋਂ ।

ਜੰਮਣੈ ਤਾਂ ਕੋਈ ਵੀ ਡਰਦਾ ਨਈ, ਪਰ ਹੋਂਦ ਮੇਰੀ ਕੋਈ ਜ਼ਰਦਾ ਨਈ ।
ਮੈਨੂੰ ਪਾਲਣਾ ਵੀ ਕੋਈ ਔਖਾ ਨਈ, ਜਬਰ ਜਿਨਾਹ ਸਹਿਣਾ ਪਰ ਸੌਖਾ ਨਈ ।

ਮੇਰਾ ਜਿਸਮ ਨਈ ਮਰਦਾ ਇਕੱਲਾ, ਮੇਰੀ ਰੂਹ ਤੱਕ ਮਲਣੀ ਹੋ ਜਾਂਦੀ ।
ਮੇਰੀ ਚਿਤਾ ਚੀਖ ਕੇ ਅਡਾਟ ਪਾਵੇ, ਮੇਰੀ ਰੂਹ ਤੱਕ ਛੱਲਣੀ ਹੋ ਜਾਂਦੀ ।

ਫੇਰ ਜੰਮਣਾ ਪਲਣਾ ਹੋਵੇ ਮੇਰਾ, ਮੈਂ ਫੇਰ ਕਿਸਮਤ ਅਜ਼ਮਾਉਂਦੀ ਹਾਂ ।
ਪਾਪੀ ਫੇਰ ਕੋਈ ਮੁੜ ਆਉਂਦਾ ਏ, ਮੈਂ ਫੇਰ ਤੋਂ ਬਲਣੀ ਹੋ ਜਾਂਦੀ ।

ਕਦੇ ਨਿਰਭੈਆ, ਆਰੂਸ਼ੀ ਕਦੇ ਮੋਮੀਤਾ ਬਣ, ਹਰ ਵਾਰ ਇੱਕ ਆਸ ਲੈ ਮੈਂ ਸਾਂ ਆਈ ।
ਮੁੜ ਮੁੜ ਇਹੀ ਹੋਵੇ ਜੱਗ ਤੇ, ਮੈਂ ਪੀੜੀ ਜਾਵਾਂ ਅੰਦਰ ਤਾਂਈਂ ।



ਹਰ ਜਨਮ ਦੇ ਵਿੱਚ ਮੈਂ ਗਈ ਭੋਗੀ, ਹਰ ਜੂਨ ਮੇਰੇ ਹੱਡਾਂ ਦੀ,
ਮਰਦਾਂ ਨੇ ਰੱਜ ਰੱਜ ਧੂਣੀ ਸੇਕੀ, ਮੈਂ ਬਲੀ ਸੜੀ, ਮੈਂ ਗਈ ਪਿੰਜੀ ।

ਮੇਰਾ ਸਿਵਾ ਠੰਡਾ ਵੀ ਪੈ ਜਾਵੇ, ਮੈਂ ਬਲਦੀ ਧੁਰਾਂ ਜੁਗਾਂ ਤਾਂਈਂ।
ਕਿਉਂ ਮੇਰੇ ਲਈ ਕਾਨੂੰਨ ਨਈ, ਮੇਰਾ ਕੋਈ ਪਹਿਰੇਦਾਰ ਨਈ ??

ਜਿਸ ਪਾਪੀ ਮੈਨੂੰ ਹੱਥ ਲਾਇਆ, ਕੀ ਉਹਦੇ ਭੈਣ ਪਰਿਵਾਰ ਨਈ ???
ਮੈਨੂੰ ਮੋਮ ਦੀ ਗੁੱਡੀ ਨਾ ਜਾਣੋ, ਨਾ ਜਾਣੋ ਬਿਕਾਊ ਚੀਜ਼ ਕੋਈ,

ਹਾਂ ਇਨਸਾਨ ਤੁਹਾਡੇ ਸਭਨਾਂ ਵਾਂਗ, ਮੈਂ ਵਿਕਦੀ ਵਿੱਚ ਬਾਜ਼ਾਰ ਨਹੀਂ।
ਕਿਉਂ ਮੇਰੇ ਸੁਪਨੇ ਸੁਪਨੇ ਨਹੀਂ, ਮੈਨੂੰ ਜਿਉਣ ਦਾ ਕਿਉਂ ਅਧਿਕਾਰ ਨਹੀਂ ???

ਜਾਂ ਲੈ ਚੱਲ ਮਾਂ ਓਸ ਮੁਲਕ ਮੈਨੂੰ, ਜਿੱਥੇ ਇੱਜ਼ਤ ਮੇਰੀ ਦੇ ਰਾਖੇ ਹੋਣ।
ਕੋਈ ਰੌਲੇ ਨਾ ਮੇਰੀ ਅਜ਼ਮਤ ਨੂੰ, ਬੇਝਿਜਕ ਨਿਡਰ ਮੇਰੇ ਹਾਸੇ ਹੋਣ।

ਜਿੱਥੇ ਜਿਉਣ ਦਾ ਮੈਨੂੰ ਹੱਕ ਮਿਲੇ, ਜਿੱਥੇ ਵਾਂਗ ਉੱਡਾਂ ਹਵਾਵਾਂ ਮੈਂ,
ਜਿੱਥੇ ਬੇਖੌਫ਼ ਮੈਂ ਜੀਅ ਸਕਾਂ, ਬੇਫਿਕਰੀ ਦੀ ਜੂਨ ਹੰਢਾਵਾਂ ਮੈਂ।

ਬੇਫਿਕਰੀ ਦੀ ਜੂਨ ਹੰਢਾਵਾਂ ਮੈਂ।

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਕੌਰ ਨਕੋਦਰ